

ਮਾਤਾ ਗੁਜਰੀ ਦੇ ਨਾਲ ਦੋ ਛੋਟੇ ਸਾਹਿਬਜ਼ਾਦੇ

## ਵਿਸ਼ਵ ਇਤਿਹਾਸ ਦੀ ਮਹਾਨ ਸ਼ਖਸੀਅਤ

# ਮਾਂ ਗੁਜਰੀ

ਹਸਨਬੀਰ ਸਿੰਘ

ਇਸ ਮਾਂ ਬਾਰੇ ਘੱਟ ਲਿਖਿਆ ਗਿਆ ਹੈ ਪਰ ਉਸ ਬਾਰੇ ਲਿਖਣਾ ਜੇ ਆਸਾਨ ਹੁੰਦਾ ਤਦ ਹੀ ਲਿਖਿਆ ਜਾਂਦਾ। ਮੈਨੂੰ ਲਗਦਾ ਹੁੰਦਾ ਹੈ ਕਿ ਜਿਨ੍ਹਾਂ ਨੇ ਗੰਭੀਰ ਵਿਦਵਤਾ ਹਾਸਲ ਕੀਤੀ ਹੋਈ ਹੈ ਉਹ ਵੀ ਭਾਵਨਾਵਾਂ ਦੇ ਇਸ ਸਾਗਰ ਨੂੰ ਟੋਹਣ ਤੋਂ ਡਰਨਗੇ। ਇਹ ਤੂਫਾਨ ਦੇਰ ਤਕ ਸ਼ਾਂਤ ਨਹੀਂ ਹੁੰਦੇ। ਮੇਰੇ ਪਾਸ ਗਰੀਬ ਜਿਹੇ ਕੁਝ ਸ਼ਬਦ ਹਨ ਜਿਹੜੇ ਇਸ ਵੱਡਮੁੱਲੇ ਖਜ਼ਾਨੇ ਨੂੰ ਦੇਖ ਦੇਖ ਬੋਲਣ ਦੀ ਥਾਂ ਖਾਮੋਸ਼ ਹੋ ਜਾਂਦੇ ਹਨ। ਜਿਸ ਮਾਂ ਦੇ ਸੀਸ ਉਪੱਰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਤਾਜ ਹੋਵੇ ਤੇ ਪੋਹ ਦੀ ਠੰਢੀ ਰਾਤ

### ਗੜ੍ਹ ਸਾਹਿਬ ਦੇ ਜੋੜ ਮੇਲੇ 'ਤੇ

ਨੂੰ ਜਿਸ ਦੇ ਚਰਨਾਂ ਦੇ ਨਿੱਘ ਵਿਚ ਅਤੇ ਬਾਹਾਂ ਦੀ ਬੁੱਕਲ ਵਿਚ ਦੋ ਛੋਟੇ ਸਾਹਿਬਜ਼ਾਦੇ ਵਜ਼ੀਰ ਖਾਨ ਦੀ ਕਾਲ ਕੋਠੜੀ ਵਿਚ ਸੁੱਤੇ ਪਏ ਹੋਣ, ਉਸ ਬਾਰੇ ਕੀ ਲਿਖੀਏ ਤੇ ਕਿਵੇਂ ਲਿਖੀਏ। ਉਸ ਬਾਰੇ ਜਦੋਂ ਵੀ ਕੁਝ ਲਿਖਿਆ ਜਾਏਗਾ, ਉਹ ਬਹੁਤ ਥੋੜ੍ਹਾ ਹੋਵੇਗਾ।

ਪਿਤਾ ਭਾਈ ਲਾਲ ਚੰਦ ਜੀ ਅਤੇ ਮਾਤਾ ਬਿਸ਼ਨ ਕੌਰ ਜੀ ਅੰਬਾਲਾ ਜ਼ਿਲੇ ਦੇ ਪਿੰਡ ਲਖਨੌਰ ਵਿਚ ਵਸਦੇ ਸਨ ਜਿੱਥੇ 1624 ਵਿਚ ਸੁਹੱਪਣ ਨਾਲ ਭਰਪੂਰ ਬੇਟੀ ਨੇ ਜਨਮ ਲਿਆ। ਗੁਰੂ ਤੇਗ ਬਹਾਦਰ ਸਾਹਿਬ ਆਪਣੇ ਵੱਡੇ ਭਰਾ ਦੇ ਵਿਆਹ ਕਰਤਾਰਪੁਰ, ਜ਼ਿਲਾ ਜਲੰਧਰ ਬਰਾਤ ਵਿਚ ਆਏ ਤਾਂ ਭਾਈ ਲਾਲ ਚੰਦ ਅਤੇ ਮਾਤਾ ਬਿਸ਼ਨ ਕੌਰ ਵੀ ਉਥੇ ਗਏ ਹੋਏ ਸਨ। ਮਾਤਾ ਨੇ ਭਾਈ ਲਾਲ ਚੰਦ ਜੀ ਨੂੰ ਕਿਹਾ ''ਅਹੁ ਦੇਖੋ ਕਿੰਨਾ ਸੁਣੱਖਾ ਲੜਕਾ ਹੈ। ਮੈਂ ਆਪਣੀ ਸੁਹਣੀ ਪੁੱਤਰੀ ਵਾਸਤੇ ਇਹੋ ਜਿਹਾ ਵਰ ਲੱਭਾਂਗੀ।'' ਪਿਤਾ ਨੇ ਕਿਹਾ ''ਸ਼ਾਇਦ ਨਾ ਮੰਨਣ, ਪਰ ਇਸੇ ਪਰਿਵਾਰ ਪਾਸ ਆਪਣੀ ਇੱਛਾ ਪੁਚਾਉਂਦੇ ਹਾਂ।'' ਇਹ ਰਿਸ਼ਤਾ ਹੋ ਗਿਆ ਤੇ ਵਿਆਹ ਉਪਰੰਤ (ਗੁਰੂ) ਤੇਗ ਬਹਾਦਰ ਜੀ ਨਾਲ 1644 ਈਸਵੀ ਵਿਚ ਬਕਾਲੇ ਜਾ ਵਸੇ।

(ਗੁਰੂ) ਤੇਗ ਬਹਾਦਰ ਸਾਹਿਬ ਸ਼ਾਂਤ ਅਤੇ ਮਿੱਠੇ ਸੁਭਾਅ ਵਾਲੇ ਇਕਾਂਤ ਪਸੰਦ ਇਨਸਾਨ ਸਨ। ਕੰਮ-ਕਾਜ ਵਿਚੋਂ ਵਿਹਲ ਮਿਲਦੀ ਤਾਂ ਬੰਦਗੀ ਕਰਦੇ। ਉਨ੍ਹਾਂ ਨੂੰ 1664 ਈਸਵੀ ਵਿਚ ਗੁਰਗੱਦੀ ਮਿਲੀ ਤਾਂ ਸਾਜ਼ਿਸ਼ਾਂ ਅਤੇ ਨਿੰਦਿਆ ਈਰਖਾ ਦਾ ਗੁਬਾਰ ਦੇਖ ਕੇ ਪਹਿਲਾਂ ਕੀਰਤਪੁਰ ਸਾਹਿਬ ਚਲੇ ਗਏ ਫਿਰ ਉਥੋਂ ਆਨੰਦਪੁਰ ਸਾਹਿਬ ਚਲੇ ਗਏ ਅਤੇ ਮਾਖੋਵਾਲ ਪਿੰਡ ਦੀ ਇਸ ਜ਼ਮੀਨ ਵਿਚ ਘਰ ਪਾ ਲਿਆ।

ਫਿਰ ਉਨ੍ਹਾਂ ਨੇ ਪੂਰਬ ਵੱਲ ਆਸਾਮ ਤੇ ਬੰਗਾਲ ਦੀਆਂ ਸੰਗਤਾਂ ਨੂੰ ਮਿਲਣ ਜਾਣ ਦਾ ਫੈਸਲਾ ਕੀਤਾ। ਮਾਤਾ ਜੀ ਵੀ ਨਾਲ ਤੁਰ ਪਏ। ਰਸਤੇ ਵਿਚ ਗੁਰੂ ਜੀ ਪਟਨਾ ਸਾਹਿਬ ਵਿਖੇ ਮਾਤਾ ਜੀ ਨੂੰ ਛੱਡ ਗਏ। ਉਨ੍ਹਾਂ ਦੇ ਜਾਣ ਤੋਂ 6 ਮਹੀਨੇ ਬਾਅਦ 22 ਦਸੰਬਰ 1666 ਈਸਵੀ ਨੂੰ ਗੋਬਿੰਦ ਰਾਇ ਦਾ ਜਨਮ ਹੋਇਆ। ਗੁਰੂ ਜੀ ਨੇ ਚਾਰ ਸਾਲ ਦੀ ਲੰਮੀ ਯਾਤਰਾ ਤੋਂ ਵਾਪਸ ਆ ਕੇ ਬੇਟੇ ਦਾ ਮੂੰਹ ਦੇਖਿਆ ਤੇ ਕਿਹਾ - ਵਾਪਸ ਆਨੰਦਪੁਰ ਸਾਹਿਬ ਚਲਦੇ ਹਾਂ। ਉਥੇ ਬੇਟੇ ਦੇ ਪੜ੍ਹਨ ਲਿਖਣ ਦਾ ਸ਼ਾਂਤ ਮਾਹੌਲ ਠੀਕ ਰਹੇਗਾ।

ਔਰੰਗਜ਼ੇਬ ਨੇ ਜ਼ੁਲਮ ਦੀ ਹਨੇਰੀ ਵਗਾ ਦਿੱਤੀ। ਮੰਦਰਾਂ ਨੂੰ ਤਾਂ ਢਾਹ ਹੀ ਰਿਹਾ ਸੀ ਧਰਮਸ਼ਾਲਾਵਾਂ ਵੀ ਨਹੀਂ ਬਖਸ਼ੀਆਂ ਗਈਆਂ। ਮੰਦਰਾਂ ਵਿਚ ਗਾਵਾਂ ਕਤਲ ਕੀਤੀਆਂ ਗਈਆਂ ਤੇ ਬੁੱਤ ਤੋੜੇ ਗਏ। ਗੁਰੂ ਤੇਗ ਬਹਾਦਰ ਸਾਹਿਬ ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਜਦੋਂ ਦਿੱਲੀ ਵੱਲ ਰਵਾਨਾ ਹੋਏ ਤਾਂ ਮਾਂ ਗੁਜਰੀ ਨੂੰ ਪਤਾ ਸੀ ਕਿ ਉਥੇ ਕੀ ਬੀਤੇਗੀ ਪਰ ਜਿਸ ਜਿਗਰ ਨਾਲ ਉਨ੍ਹਾਂ ਨੇ ਚਰਨੀਂ ਹੱਥ ਲਾ ਕੇ ਪਤੀ ਨੂੰ ਵਿਦਾ ਕੀਤਾ ਉਸ ਪ੍ਰਕਾਰ ਦੀ ਵਿਦਾਇਗੀ ਦੇਣ ਵੇਲੇ ਕੁਦਰਤ ਨੇ ਇਹੋ ਜਿਹੀ ਹੀ ਕਿਸੇ ਨੂੰ ਚੁਣਨਾ ਸੀ ਜਿਸ ਵਿਚ ਇਹੋ ਜਿਹੀ ਵਿਦਾਇਗੀ ਦੇਣ ਦੀ ਤਾਕਤ ਹੋਵੇ। ਕੁਦਰਤ ਅਜਿਹੀ ਚੋਣ ਅਚਾਨਕ ਨਹੀਂ ਕਰ ਲੈਂਦੀ। ਵਿਸ਼ਵ ਵਿਚ ਮੌਜੂਦ ਸਦਾ ਸਰਗਰਮ ਰੂਹਾਨੀ ਸ਼ਕਤੀਆਂ ਨੇ ਉਸ ਦੇ ਜੀਵਨ-ਤੱਤ ਬਹੁਤ ਮਿਹਨਤ ਨਾਲ ਬਲਵਾਨ ਕੀਤੇ ਸਨ। ਗੁਰੂ ਤਾਂ ਗੁਰੂ ਹੁੰਦਾ ਹੈ। ਆਖਰ -, ਉਸ ਦਾ ਪਰਿਵਾਰ ਉਸੇ ਵਰਗਾ ਹੋਵੇ - ਇਹ ਸੰਭਵ ਨਹੀਂ ਹੁੰਦਾ। ਪਰ ਮਾਂ ਗੁਜਰੀ ਉਸੇ ਮਸਾਲੇ ਦੀ ਬਣੀ ਹੋਈ ਸੀ ਜਿਸ ਨਾਲ ਰੱਬ ਨੇ ਗੁਰੂ ਸਾਹਿਬਾਨ ਦਾ ਜਿਸਮ ਘੜਿਆ।

ਪਤੀ ਦੀ ਸ਼ਹਾਦਤ ਨੂੰ ਭਾਣਾ ਮੰਨ ਕੇ ਸਹਾਰਿਆ ਤੇ ਪੁੱਤਰ ਦੀ ਵਿੱਦਿਆ ਵੱਲ ਧਿਆਨ ਦਿੱਤਾ ਪਰ ਕੁਦਰਤ ਅਜੇ ਉਸ ਤੋਂ ਇਕ ਹੋਰ ਵੱਡਾ ਕੰਮ ਕਰਵਾਉਣ ਦੀ ਇੱਛੁਕ ਸੀ। ਉਹ ਸੀ ਦੋ ਮਾਸੂਮ ਪੋਤਰਿਆਂ ਨੂੰ ਗੋਦ ਵਿਚ ਬਿਠਾ ਕੇ ਇਹ ਦੱਸਣਾ ਕਿ ਮੌਤ ਬਿਲਕੁਲ ਕਸ਼ਟਦਾਇਕ ਵਸਤੂ ਨਹੀਂ ਹੁੰਦੀ। ਸਰਹੰਦ ਦੇ ਠੰਢੇ ਬੁਰਜ ਵਿਚ ਦੇਰ ਰਾਤ ਤਕ ਉਹ ਉਨ੍ਹਾਂ ਨੂੰ ਦੱਸਦੀ ਹੁੰਦੀ ਕਿ ਤੁਹਾਡੇ ਬਾਬਾ ਗੁਰੂ ਤੇਗ ਬਹਾਦਰ ਸਾਹਿਬ ਦੀ ਗੋਦ ਕਿਤੇ ਵਧੀਕ ਨਿੱਘੀ ਹੈ ਅਤੇ ਅਮਰ ਹੈ।

ਮੈਂ, ਜਿਹੜਾ ਕਿ ਇਤਿਹਾਸ ਦਾ ਵਿਦਿਆਰਥੀ ਹਾਂ - ਮੇਰੀ ਜਾਣਕਾਰੀ ਵਿਚ ਨਹੀਂ ਆਇਆ ਕਿ ਕਿਸੇ ਸਮੇਂ ਕਿਸੇ ਦੇਸ਼ ਵਿਚ ਇਕ ਮਾਂ ਨੇ ਮਾਸੂਮ ਬੱਚਿਆਂ ਨੂੰ ਇਉਂ ਪ੍ਰੇਰਨਾ ਦਿੱਤੀ ਹੋਵੇ ਕਿ ਸੱਚਾ ਅਸੂਲ ਵੱਡਾ ਹੈ - ਮੌਤ ਅਤੇ ਜੀਵਨ ਇਸ ਦੇ ਸਾਹਮਣੇ ਕੁਝ ਨਹੀਂ ਹਨ। ਹਜ਼ਾਰਾਂ ਸਾਲਾਂ ਵਿਚ ਕਦੀ ਕਦਾਈਂ ਅਜਿਹਾ ਵਾਪਰਦਾ ਹੈ।

ਜੀਵਨ ਨੂੰ ਅਗਾਂਹ ਤੋਰਨ ਲਈ ਹਰ ਮਾਦਾ ਵਾਂਗ ਔਰਤ ਵਿਚ ਅਥਾਹ ਰਚਨਾਤਮਿਕ ਸ਼ਕਤੀ ਹੁੰਦੀ ਹੈ। ਮਾਵਾਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਕੁਝ ਵੀ ਕਰ ਸਕਦੀਆਂ ਹਨ ਪਰ ਇਥੇ ਇਹ ਮਾਂ ਗੁਲਾਬ ਜਿਹੇ ਟਹਿਕਦੇ ਪੋਤਰਿਆਂ ਨੂੰ ਹਰ ਸਵੇਰ ਅੱਗ ਦੇ ਭਾਂਬੜ ਵੱਲ ਤੋਰਦੀ ਤੇ ਅਸੀਸਾਂ ਦਿੰਦੀ ਹੋਈ ਆਖਦੀ - ਅੱਗ ਤੁਹਾਡਾ ਕੁਝ ਨਹੀਂ ਵਿਗਾੜੇਗੀ। ਪਿਆਰੇ ਅਤੇ ਸੋਹਣੇ ਬੱਚਿਓ, ਤੁਸੀਂ ਆਮ ਨਹੀਂ ਹੋ, ਯੁੱਗ ਤੁਹਾਡੇ ਵੱਲ ਬੜੀ ਨੀਝ ਲਾ ਕੇ ਦੇਖ ਰਿਹਾ ਹੈ। ਬੇਚੈਨ ਨਹੀਂ ਹੋਣਾ, ਡੋਲਣਾ ਨਾ।

ਉਹ ਆਖਿਆ ਕਰਦੀ, ''ਪੁੱਤਰੋ ਤੁਹਾਡਾ ਜਨਮ ਗੁਰੂ ਨਾਨਕ ਬਾਬੇ ਦੇ ਘਰ ਹੋਇਆ ਹੈ। ਇਸ ਘਰ ਵਿਚ ਜਨਮ ਲੈਣ ਵਾਲੀਆਂ ਰੂਹਾਂ ਆਰਾਮ ਨਾਲ ਜਿਸਮ ਨੂੰ ਇਉਂ ਤਿਆਗ ਦਿੰਦੀਆਂ ਹਨ ਜਿਵੇਂ ਮੈਲਾ ਕਮੀਜ਼ ਬਦਲ ਕੇ ਦੂਜਾ ਪਾ ਲਈਦਾ ਹੈ। ਤੁਹਾਨੂੰ ਤਾਂ ਇਹ ਪੱਕਾ ਪਤਾ ਹੈ ਕਿ ਮੈਂ ਤੁਹਾਨੂੰ ਬੇਅੰਤ ਪਿਆਰ ਕਰਦੀ ਹਾਂ ਤੇ ਮੈਨੂੰ ਝੂਠ ਬੋਲਣ ਦੀ ਆਦਤ ਨਹੀਂ। ਮੌਤ ਜੇ ਬੁਰੀ ਚੀਜ਼ ਹੁੰਦੀ ਤਾਂ ਮੈਂ ਉਥੇ ਕਿਉਂ ਤੁਹਾਨੂੰ ਜਾਣ ਦਿੰਦੀ? ਜਿਨ੍ਹਾਂ ਨੇ ਮੌਤ ਆਹਮੋ-ਸਾਹਮਣੇ ਦੇਖੀ ਨਹੀਂ - ਉਹ ਮੌਤ ਦੇ ਪ੍ਰਛਾਵੇਂ ਤੋਂ ਬੇਹੱਦ ਡਰਦੇ ਹਨ। ਜਿਹੜੇ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਦੇ ਹਨ, ਉਨ੍ਹਾਂ ਨੂੰ ਉਸ ਦੇ ਸੁਹਣੇ ਰੰਗ ਰੂਪ ਦਾ ਪਤਾ ਲਗਦਾ ਹੈ। ਮੌਤ ਨੂੰ ਸਤਿਕਾਰ ਨਾਲ ਮਿਲਣਾ - ਇਸੇ ਤਰ੍ਹਾਂ ਜਿਵੇਂ ਹਰ ਰੋਜ਼ ਮੈਨੂੰ ਮਿਲ ਕੇ ਗੋਦੀ ਵਿਚ ਆ ਬੈਠਦੇ ਹੋ।''

ਵਿਚ ਇਨ੍ਹਾਂ ਸ਼ਹਾਦਤਾਂ ਦੀ ਖ਼ਬਰ ਮਿਲੀ। ਮਿਆਨ ਦੀ ਨੋਕ ਨਾਲ ਉਨ੍ਹਾਂ ਨੇ ਘਾਹ ਦੀ ਜੜ ਕੱਢਦਿਆਂ ਕਿਹਾ - ''ਮੁਗਲਾਂ ਨੇ ਆਪਣੀ ਜੜ੍ਹ ਆਪ ਕੱਢ ਦਿੱਤੀ ਹੈ। ਉਨ੍ਹਾਂ ਦੀ ਹਕੂਮਤ ਏਸ਼ੀਆ ਦੇ ਅਸਮਾਨ ਵਿਚ ਉਡਦੇ ਸ਼ਕਤੀਸ਼ਾਲੀ ਬਾਜ਼ ਵਰਗੀ ਸੀ। ਇਸ ਬਾਜ਼ ਨੇ ਆਪਣੇ ਖੰਭ ਆਪ ਕੱਟ ਲਏ ਹਨ। ਇਹ ਦਰਖਤ ਜਿਹੜਾ ਹੁਣ ਖਲੋਤਾ ਹੋਇਆ ਦਿਸਦਾ ਹੈ, ਇਸ ਦੀਆਂ ਜੜ੍ਹਾਂ ਥੋਦੀਆਂ ਹੋ ਗਈਆਂ ਹਨ, ਗਲ ਗਈਆਂ ਹਨ। ਹੁਣ ਬਹੁਤਾ ਕੁਝ ਕਰਨ ਦੀ ਵੀ ਲੋੜ ਨਹੀਂ ਪਵੇਗੀ। ਹਵਾ ਦਾ ਇਕ ਬੁੱਲਾ ਆਏਗਾ ਤੇ ਇਹ ਦਰਖਤ ਡਿੱਗ ਜਾਵੇਗਾ।'' ਕਥਨ ਸੱਚ ਹੋਏ।

ਬਾਬਾ ਬੰਦਾ ਸਿੰਘ ਵੀਹ ਬੰਦਿਆਂ ਦੀ ਟੋਲੀ ਲੈ ਕੇ ਪੰਜਾਬ ਦੀ ਹਕੂਮਤ ਪ੍ਰਾਪਤ ਕਰਨ ਲਈ ਤੁਰਿਆ ਸੀ। ਤੋਪਾਂ ਤਾਂ ਕੀ, ਬੰਦੂਕਾਂ ਵੀ ਨਹੀਂ ਸਨ। ਪੈਸਾ ਨਹੀਂ ਸੀ। ਘੋੜੇ ਨਹੀਂ ਸਨ ਪਰ ਸਰਹੰਦ ਤਕ ਪੁਜਦਿਆਂ ਪੁਜਦਿਆਂ ਉਸ ਦੀ ਗਿਣਤੀ 25 ਹਜ਼ਾਰ ਹੋ ਗਈ ਸੀ। ਵਜ਼ੀਰ ਖਾਨ ਪਾਸ 45 ਹਜ਼ਾਰ ਫੌਜ, ਹਾਥੀ, ਸ਼ਾਨਦਾਰ ਘੋੜੇ ਅਤੇ ਤੋਪ-ਬੰਦੂਕਾਂ ਸ਼ਨ। ਵਜ਼ੀਰ ਖਾਨ ਦੇ ਸੈਨਿਕ ਰਿਸ਼ਟ-ਪੁਸ਼ਟ ਤੇ ਸਿਖਲਾਈ ਯਾਫਤਾ ਹਥਿਆਰਬੰਦ ਘੋੜਸਵਾਰ ਸਨ। ਬੰਦਾ ਸਿੰਘ ਪਾਸ, ਬਿਨਾਂ ਤਨਖਾਹ ਲੈਣ ਵਾਲੇ ਗਰੀਬ ਪੈਦਲ ਲੋਕ ਸਨ ਜਿਨ੍ਹਾਂ ਪਾਸ ਕੇਵਲ ਬਰਛੇ, ਗੰਡਾਸੇ ਤੇ ਕ੍ਰਿਪਾਨਾਂ ਸਨ। ਬੰਦਾ ਸਿੰਘ ਦੀ ਸੈਨਾ ਸਾਹਮਣੇ ਵਜ਼ੀਰ ਖਾਨ ਦੀ ਸੈਨਾ ਇਉਂ ਪਹਿਲੇ ਹੀ ਹੱਲੇ ਉਡ ਗਈ ਜਿਵੇਂ ਹਨੇਰੀ ਸਾਹਮਣੇ ਸੁੱਕੇ ਪੱਤੇ ਉਡਦੇ ਹਨ। ਵਜ਼ੀਰ ਖਾਨ ਉਤੇ ਅਜਿਹਾ ਤਲਵਾਰ ਦਾ ਵਾਰ ਹੋਇਆ ਕਿ ਮੋਢੇ ਵਿਚੋਂ ਉਤਰ ਕੇ ਕ੍ਰਿਪਾਨ ਵੱਖੀ ਵਿਚੋਂ ਦੀ ਨਿਕਲ ਗਈ। ਦੀਵਾਨ ਸੁੱਚਾ ਨੰਦ, ਜਿਸ ਨੇ ਕਿਹਾ ਸੀ ਕਿ ਸਾਹਿਬਜ਼ਾਦਿਆਂ ਨੂੰ ਛੱਡਣਾ ਨਹੀਂ - ਸੱਪਾਂ ਦੇ ਬੱਚੇ ਸੱਪ ਹੁੰਦੇ ਹਨ - ਨਾ ਉਹ ਕਿਤੇ ਲੱਭਾ ਤੇ ਨਾ ਉਸ ਦਾ ਜਵਾਨ ਬੇਟਾ। ਇਨ੍ਹਾਂ ਦੋਵਾਂ ਦੀਆਂ ਲਾਸ਼ਾਂ ਵੀ ਕਿਧਰੇ ਪ੍ਰਾਪਤ ਨਹੀਂ ਹੋਈਆਂ।

ਕਚਹਿਰੀ ਵਿਚ ਸਾਰਾ ਦਿਨ ਇਨ੍ਹਾਂ ਬੱਚਿਆਂ ਨੂੰ ਡਰਾਇਆ-ਧਮਕਾਇਆ ਜਾਂਦਾ। ਛੋਟੇ ਦੀ ਉਮਰ ਸੱਤ ਸਾਲ ਤੇ ਵੱਡੇ ਦੀ ਉਮਰ ਨੌਂ ਸਾਲ ਦੀ ਸੀ। ਇਸ ਉਮਰ ਦੇ ਬੱਚੇ ਲਹੂ ਦੀ ਇਕ ਬੂੰਦ ਦੇਖ ਕੇ ਚੀਕਾਂ ਮਾਰਨ ਲਗਦੇ ਹਨ, ਪਰ ਇਨ੍ਹਾਂ ਦੋਵਾਂ ਨੂੰ ਜਦੋਂ, ਕਦੀ ਪਿਆਰ ਨਾਲ, ਕਦੀ ਖੌਫ਼ਜ਼ਦਾ ਕਰ ਕੇ ਪੁੱਛਿਆ ਜਾਂਦਾ ਕਿ ਜਿਉਂਦੇ ਰਹਿਣ ਦੀ ਇੱਛਾ ਹੈ ਕਿ ਮਰਨ ਦੀ - ਤਾਂ ਇਨ੍ਹਾਂ ਦਾ ਉਤਰ ਹੁੰਦਾ - 'ਮਰਨ ਦੀ।' ਛੋਟੇ ਨੂੰ ਪਹਿਲੋਂ ਕਤਲ ਕੀਤਾ ਗਿਆ। ਵੱਡੇ ਸਾਹਿਬਜ਼ਾਦੇ ਨੂੰ ਫਿਰ ਪੁੱਛਿਆ ਗਿਆ ਕਿ ਬਚਣਾ ਹੈ ਕਿ ਇਹੋ ਰਾਹ ਫੜਨਾ ਹੈ। ਵੱਡੇ ਨੇ ਕਿਹਾ, 'ਇਹੋ ਰਾਹ। ਸਾਡਾ ਪਰਿਵਾਰ ਇਸੇ ਰਸਤੇ ਉਤੇ ਤੁਰੇਗਾ।' ਕੱਚੇ ਧਾਗੇ ਨੂੰ ਤੋੜਨ ਵਿਚ ਤਾਂ ਫਿਰ ਵੀ ਕੁਝ ਜ਼ੋਰ ਲਾਉਣਾ ਪੈਂਦਾ ਹੈ। ਜੀਵਨ ਦੀ ਡੋਰ ਇਨ੍ਹਾਂ ਦੋਵਾਂ ਨੇ ਉਸ ਤੋਂ ਵੀ ਆਸਾਨੀ ਨਾਲ ਤੋੜ ਦਿੱਤੀ।

ਪੰਜਵੇਂ ਅਤੇ ਨੌਵੇਂ ਪਾਤਸ਼ਾਹ ਜੀ ਬਾਰੇ ਤਾਂ ਅਸੀਂ ਇਹ ਆਖ ਕੇ ਚੁੱਪ ਕਰ ਜਾਂਦੇ ਹਾਂ ਕਿ ਉਹ ਧਰਮ ਦੀ ਉਚੀ ਤੋਂ ਉਚੀ ਚੋਟੀ ਉਪਰ ਬਿਰਾਜਮਾਨ ਸਨ - ਕਿ ਉਨ੍ਹਾਂ ਲਈ ਦੁਸ਼ਮਣ ਵੀ ਮਿੱਤਰ ਸਨ ਤੇ ਮੌਤ ਵੀ ਜੀਵਨ ਸੀ। ਇਨ੍ਹਾਂ ਛੋਟੇ ਛੋਟੇ ਬੱਚਿਆਂ ਨੂੰ ਇਹ ਉਚੀਆਂ ਗੱਲਾਂ ਕਿਵੇਂ ਸਮਝ ਵਿਚ ਆਈਆਂ? ਕੋਈ ਅਕਲ, ਕੋਈ ਇਲਮ ਇਸ ਦਾ ਜਵਾਬ ਨਹੀਂ ਦੇ ਸਕਦਾ। ਲਗਦਾ ਹੈ ਇਨ੍ਹਾਂ ਬੱਚਿਆਂ ਨੇ ਮੌਤ ਦੀ ਕੰਧ ਤੋਂ ਪਾਰ ਕੀ ਹੋਇਆ ਕਰਦਾ ਹੈ - ਉਹ ਚੰਗੀ ਤਰ੍ਹਾਂ ਦੇਖ ਰੱਖਿਆ ਸੀ। ਉਨ੍ਹਾਂ ਬਾਰੇ ਗੱਲਾਂ ਕਰਦਿਆਂ ਅਤੇ ਸੁਣਦਿਆਂ ਸਾਨੂੰ ਕਸ਼ਟ ਹੁੰਦਾ ਹੈ ਪਰ ਉਨ੍ਹਾਂ ਦੇ ਮਾਸੂਮ ਹੋਠਾਂ ਉਪਰ, ਨੀਂਹਾਂ ਵਿਚ ਖਲੋਤਿਆਂ ਵੀ, ਮੁਸਕਾਨ ਖਿੱਲਰੀ ਹੋਈ ਸੀ।

ਮਾਂ ਗੁਜਰੀ ਨੂੰ ਬੱਚਿਆਂ ਦੀ ਲਾਸਾਨੀ ਸ਼ਹਾਦਤ ਦੀ ਖਬਰ ਮਿਲੀ ਤਾਂ ਉਨ੍ਹਾਂ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਕਿ ਸੇਵਕਾਂ ਦੀ ਪ੍ਰੀਤ ਓੜਕ ਤਕ ਨਿਭੀ - ਕਿ ਰੱਬ ਨੇ ਆਪਣੀ ਅਮਾਨਤ ਵਾਪਸ ਮੰਗ ਲਈ ਤਾਂ ਅਸੀਂ ਕਿਸੇ ਨੇ ਕੋਈ ਉਜਰ ਨਹੀਂ ਕੀਤਾ। ਕਿਸੇ ਇਕ ਵੀ ਸਿੱਖ ਨੇ ਜਾਂ ਹਿੰਦੂ ਨੇ ਮਾਂ ਦਾ ਅੰਤ ਆਪਣੇ ਅੱਖੀਂ ਨਹੀਂ ਦੇਖਿਆ। ਮੁਗਲਾਂ ਨੇ ਦੱਸਿਆ ਕਿ ਉਨ੍ਹਾਂ ਨੇ ਬੁਰਜ ਤੋਂ ਛਾਲ ਮਾਰ ਦਿੱਤੀ ਸੀ। ਇਹ ਕੋਰਾ ਝੂਠ ਹੈ। ਕੋਈ ਅਕਲਮੰਦ ਵਿਅਕਤੀ ਇਸ ਗੱਲ ਨੂੰ ਸਵੀਕਾਰ ਨਹੀਂ ਕਰੇਗਾ। ਜਿਨ੍ਹਾਂ ਨੂੰ ਜ਼ਿੰਦਗੀ ਦੇ ਸਾਰੇ ਭੇਦਾਂ ਦਾ ਪਤਾ ਹੁੰਦਾ ਹੈ - ਉਹ ਕਦੀ ਆਤਮਹੱਤਿਆ ਨਹੀਂ ਕਰਦੇ। ਉਸ ਨੂੰ ਸ਼ਹੀਦ ਕੀਤਾ ਗਿਆ ਕਿਉਂਕਿ ਇਹੋ ਇਕ ਰਸਤੇ ਦੀ ਤਾਂ ਉਹ ਸਹੀ ਮਾਲਕਣ ਸੀ।

ਗੁਰੂ ਗੋਬਿੰਦ ਸਿੰਘ ਜੀ ਨੂੰ ਬਠਿੰਡੇ ਜ਼ਿਲੇ

ਜਦੋਂ ਸਰਹੰਦ ਵਿਚ ਲੁੱਟਮਾਰ ਤੇ ਤਬਾਹੀ ਮੱਚੀ, ਤਾਂ ਬਾਬਾ ਬੰਦਾ ਸਿੰਘ ਨੇ ਆਲੀ ਸਿੰਘ ਨੂੰ ਨਾਲ ਲੈ ਕੇ ਉਹ ਥਾਂ ਲੱਭੀ ਜਿੱਥੇ ਸ਼ਹੀਦੀ ਦੀਵਾਰ ਸੀ। ਬਾਬਾ ਜੀ ਨੇ ਇਕ ਇਕ ਇੱਟ ਮੱਥੇ ਨਾਲ ਲਾਈ। ਫਿਰ ਕਿਹਾ - ''ਹੀਰੇ ਮੋਤੀ ਤੇ ਸੋਨਾ-ਚਾਂਦੀ ਲੁੱਟ ਲੈਣ ਉਹ, ਜਿਨ੍ਹਾਂ ਨੂੰ ਅਜਿਹੀ ਲੋੜ ਹੈ। ਮੈਨੂੰ ਮੇਰਾ ਖਜ਼ਾਨਾ ਪ੍ਰਾਪਤ ਹੋ ਗਿਆ।''

ਛੋਟੇ ਸਾਹਿਬਜ਼ਾਦਿਆਂ ਅਤੇ ਮਾਂ ਦੀ ਸ਼ਹਾਦਤ ਦਾ ਮੇਲਾ ਹਰ ਸਾਲ 11, 12, 13, ਪੋਹ ਨੂੰ ਤਿੰਨ ਦਿਨ ਲੱਗਦਾ ਹੈ। ਪੰਥ ਨੇ ਇਸ ਨੂੰ 'ਸ਼ਹੀਦੀ ਜੋੜ ਮੇਲਾ' ਕਿਹਾ ਹੈ। ਜੋੜ ਮੇਲਾ ਠੀਕ ਨਾਮ ਹੈ। ਮਾਤਾ ਅਤੇ ਬੱਚੇ ਬਾਬਾ ਗੁਰੂ ਤੇਗ਼ ਬਹਾਦਰ ਸਾਹਿਬ ਸੰਗ ਸਹਿਜੇ ਹੀ ਜਾ ਮਿਲੇ ਸਨ। ਸਾਹਿਬਜ਼ਾਦਿਆਂ ਦਾ ਅਤੇ ਗੁਜਰੀ ਮਾਂ ਦਾ ਪੰਥ ਨਾਲ ਅਦੁੱਤੀ ਮਿਲਾਪ ਹੋਇਆ।

ਜੇ ਕਿਤੇ ਕਾਲੀ ਦਾਸ ਅੱਜ ਹੁੰਦਾ ਤਾਂ ਉਹ ਬੱਦਲਾਂ ਨੂੰ ਕੁੱਝ ਜ਼ਰੂਰੀ ਹਦਾਇਤਾਂ ਦਿੰਦਾ। ਉਹ ਇਉਂ ਲਿਖਦਾ, ''ਹੇ ਮੇਘ, ਸ਼ਿਵਾਲਿਕ ਦੀਆਂ ਪਹਾੜੀਆਂ ਨੂੰ ਮਾਂ ਗੁਜਰੀ ਦੇ ਚਰਨਾਂ ਦੀ ਛੂਹ ਪ੍ਰਾਪਤ ਹੈ। ਇਨ੍ਹਾਂ ਥਾਵਾਂ ਉਪਰੋਂ ਸਹਿਜੇਂ ਸਹਿਜੇ ਲੰਘੀਂ। ਜਦੋਂ ਅਰਜਨ ਕੁਰੂਕਸ਼ੇਤਰ ਦੀ ਜੰਗ ਤੋਂ ਪਹਿਲਾਂ ਡਾਵਾਂਡੋਲ ਹੋ ਗਏ ਸਨ ਤਦ ਉਸ ਨੂੰ ਹੌਸਲਾ ਦੇਣ ਲਈ ਉਥੇ ਭਗਵਾਨ ਆਪ ਰੱਥ ਵਿਚ ਬੈਠੇ ਸਨ। ਸਰਹੰਦ ਦੇ ਇਸ ਮਹਾਂਭਾਰਤ ਵਿਚ ਸ੍ਰੀ ਕ੍ਰਿਸ਼ਨ ਜੀ ਵਾਲੀ ਜ਼ਿੰਮੇਵਾਰੀ ਗੁਜਰੀ ਮਾਂ ਨੇ ਨਿਭਾਈ ਸੀ। ਉਪਦੇਸ਼ ਕਰਦਿਆਂ ਮਾਂ ਨੇ ਅੱਖਾਂ ਨਾਲ ਹੀ ਸਭ ਭੇਦ ਸਮਝਾ ਦਿੱਤੇ ਸਨ। ਇਸ ਕਰਕੇ ਕਿਸੇ ਗ੍ਰੰਥ ਦੀ ਰਚਨਾ ਕਰਨ ਦੀ ਲੋੜ ਨਹੀਂ ਪਈ। ਅਰਜਨ ਬੜੀ ਦੇਰ ਬਾਅਦ ਸਥਿਰ ਹੋਇਆ ਸੀ। ਉਸ ਨੂੰ ਗੱਲ ਸਮਝਣ ਵਿਚ ਮੁਸ਼ਕਲ ਆਈ ਸੀ। ਨਿੱਕੇ ਨਿੱਕੇ ਬੱਚਿਆਂ ਨੂੰ ਮਰਮ ਰੂਹਾਨੀ ਭੇਦ ਬਹੁਤ ਛੇਤੀ ਸਮਝ ਵਿਚ ਆ ਗਏ ਸਨ। ਹੇ ਮੇਘ, ਦੁਰਲਭ ਵਸਤੂਆਂ ਦੀ ਤਲਾਸ਼ ਵਿਚ ਤੁਰਦੀ ਫਿਰਦੀ ਇਸ ਮਾਂ ਨੂੰ ਕਿਤੇ ਦੇਖੇਂ ਤਾਂ ਸਿਰ ਉਪਰ ਮੂਰਖਾਂ ਵਾਂਗ ਮੰਡਰਾਂਦਾ ਨਾ ਫਿਰੀਂ। ਤੁਰਤ ਨਿਰਮਲ ਚਾਦਰ ਵਾਂਗ ਉਸ ਦੇ ਚਰਨਾਂ ਵਿਚ ਵਿਛ ਜਾਈਂ ਤੇ ਸ਼ਿਵਾਲਿਕ ਦੀਆਂ ਪਹਾੜੀਆਂ ਨੂੰ ਖੂਬ ਧੋਈਂ, ਇਨ੍ਹਾਂ ਪਹਾੜੀਆਂ ਵਿਚ ਉਹ ਸਾਰੇ ਸੰਸਾਰ ਦੀ ਸੁੱਖ ਰੱਬ ਤੋਂ ਮੰਗਿਆ ਕਰਦੀ ਸੀ।''

ਇਨ੍ਹਾਂ ਜੋੜ ਮੇਲੇ ਦੇ ਦਿਨਾਂ ਵਿਚ ਆਮ ਇਹ ਹੁੰਦਾ ਹੈ ਕਿ ਝਲਕਦੀਆਂ ਹੋਈਆਂ ਅੱਖਾਂ ਵਿਚਲੀਆਂ ਬੂੰਦਾਂ ਨਾਲ ਬੱਦਲਾਂ ਦੀਆਂ ਕਣੀਆਂ ਆ ਕੇ ਰਲ ਜਾਇਆ ਕਰਦੀਆਂ ਹਨ। ਅਕਸਰ ਅਜਿਹਾ ਹੋਇਆ ਕਰਦਾ ਹੈ।